**Komagata Maru Place – Punjabi Translation**

# ਪੰਜਾਬੀ







ਕਾਮਾਗਾਟਾ ਮਾਰੂ ਪਲੇਸ

ਆਰਟਵਰਕ: ਜਗਨਦੀਪ ( ਜੈਗ) ਕੌਰ ਨਾਗਰਾ ਵਲੋਂ

18 ਮਈ, 2021 ਨੂੰ, ਵੈਨਕੂਵਰ ਸਿਟੀ ਕੌਂਸਲ ਨੇ 1914 ਵਿੱਚ ਬ੍ਰਿਟਿਸ਼ ਇੰਡੀਆ ਤੋਂ ਕਾਮਾਗਾਟਾ ਮਾਰੂ ਸਟੀਮਸ਼ਿਪ ਵਿੱਚ ਸਵਾਰ 376 ਯਾਤਰੀਆਂ ਪ੍ਰਤੀ ਇਤਿਹਾਸਕ ਵਿਤਕਰੇ ਲਈ ਰਸਮੀ ਤੌਰ 'ਤੇ ਮੁਆਫੀ ਮੰਗੀ ਅਤੇ 23 ਮਈ ਨੂੰ ਵੈਨਕੂਵਰ ਵਿੱਚ ਸਾਲਾਨਾ ਤੌਰ 'ਤੇ ਮਨਾਏ ਜਾਣ ਵਾਲੇ Komagata Maru Remembrance Day (ਕਾਮਾਗਾਟਾ ਮਾਰੂ ਯਾਦਗਾਰੀ ਦਿਵਸ) ਵਜੋਂ ਘੋਸ਼ਿਤ ਕੀਤਾ।

ਵੈਨਕੂਵਰ ਸਿਟੀ ਕੌਂਸਲ ਨੇ ਵੀ ਦੱਖਣੀ ਏਸ਼ੀਆਈ ਭਾਈਚਾਰੇ ਪ੍ਰਤੀ ਇਤਿਹਾਸਕ ਵਿਤਕਰੇ ਦੇ ਸੱਭਿਆਚਾਰਕ ਨਿਵਾਰਣ ਲਈ ਵਿਆਪਕ ਕੰਮ ਵਿੱਚ ਇੱਕ ਹੋਰ ਕਦਮ ਵਜੋਂ ਕੈਨੇਡਾ ਪਲੇਸ ਨੂੰ ਦੂਜਾ, ਸਨਮਾਨਸੂਚਕ (ਆਨਰੇਰੀ) ਨਾਮ ਕਾਮਾਗਾਟਾ ਮਾਰੂ ਪਲੇਸ ਦੇਣ ਲਈ ਵੋਟ ਕੀਤਾ।

ਕਾਮਾਗਾਟਾ ਮਾਰੂ ਪਲੇਸ ਲਈ ਇਹ ਥਾਂ ਇਸ ਲਈ ਚੁਣੀ ਗਈ ਕਿਉਂਕਿ ਇਹ ਉਸ ਸਥਾਨ ਦੇ ਸਭ ਤੋਂ ਨੇੜੇ ਹੈ, ਜਿੱਥੇ 1914 ਵਿੱਚ ਕਾਮਾਗਾਟਾ ਮਾਰੂ ਜਹਾਜ਼ ਬਰਾਰਡ ਇਨਲੇਟ ਵਿੱਚ ਖੜਾ ਸੀ।

ਆਰਟਵਰਕ, ਕਲਾਕਾਰ, ਅਤੇ ਵਿਸਤ੍ਰਿਤ ਇਤਿਹਾਸ ਬਾਰੇ ਹੋਰ ਜਾਣਕਾਰੀ ਲਈ ਹੇਠਾਂ ਦਿੱਤਾ ਪੜ੍ਹੋ।

# ਆਰਟਵਰਕ ਬਾਰੇ

ਕਲਾਕਾਰ  ਜੈਗ ਨਾਗਰਾ ਦੇ ਕਾਮਾਗਾਟਾ ਮਾਰੂ ਪਲੇਸ ਸਾਈਨੇਜ ਲਈ ਡਿਜ਼ਾਈਨਾਂ ਵਿੱਚ ਆਈਕੋਨੋਗਰਾਫੀ ਦੀਆਂ ਪਰਤਾਂ ਹਨ। ਪਹਿਲੇ ਚਿੰਨ੍ਹ ਵਿੱਚ, 19 ਘੁੱਗੀਆਂ  19 ਗੁਆਚੀਆਂ ਜ਼ਿੰਦਗੀਆਂ ਦਾ ਪ੍ਰਤੀਨਿੱਧਵਤ ਕਰਦੀਆਂ ਹਨ। ਸਮੁੰਦਰ ਦੀਆਂ ਲਹਿਰਾਂ ਦਾ ਨਮੂਨਾ ਦੁਪੱਟਿਆਂ ਦੇ ਕੱਪੜੇ ਦੇ ਰੂਪ ਵਿੱਚ ਖੁੱਲੀਆਂ ਪੱਗਾਂ ਨੂੰ ਦਰਸਾਉਂਦਾ ਹੈ। ਡੁੱਬਦੇ ਲਾਲ ਸੂਰਜ ਦਾ ਪ੍ਰਤੀਬਿੰਬ ਦੁਖਾਂਤ ਦੇ ਹਿੱਸੇ ਵਜੋਂ ਅਨੁਭਵ ਕੀਤੇ ਗਏ ਖੂਨ-ਖਰਾਬੇ ਨੂੰ ਦਰਸਾਉਂਦਾ ਹੈ।

ਦੂਸਰੇ  ਚਿੰਨ੍ਹ ਵਿੱਚ 13 ਯਾਤਰੀਆਂ ਨੂੰ ਆਪਣੀਆਂ ਅੱਖਾਂ ਬੰਦ ਕਰਕੇ, ਦੁਖਾਂਤ 'ਤੇ ਸੋਗ ਮਨਾਉਂਦੇ ਦਰਸਾਇਆ ਗਿਆ ਹੈ।  ਯਾਤਰੀਆਂ ਦੀ ਭੀੜ ਜਹਾਜ਼ 'ਤੇ ਰਹਿਣ ਦੀਆਂ ਖਰਾਬ ਸਥਿਤੀਆਂ ਨੂੰ ਦਰਸਾਉਂਦੀ ਹੈ। ਭੀੜ ਵਿੱਚ ਦੋ ਔਰਤਾਂ ਹਨ, ਜੋ ਅਕਸਰ ਦੁਖਾਂਤ ਦੇ ਪੁਨਰਕਥਨ ਵਿਚ ਭੁਲਾ ਦਿੱਤੀਆਂ ਜਾਂਦੀਆਂ ਹਨ।

ਦੋਵੇਂ ਡਿਜ਼ਾਈਨ ਦੋ ਮਸ਼ਹੂਰ ਆਰਕਾਈਵਲ ਫੋਟੋਆਂ 'ਤੇ ਅਧਾਰਤ ਹਨ। ਚਮਕਦਾਰ ਅਤੇ ਪਵਿੱਤਰ ਧਾਰਮਿਕ ਰੰਗਾਂ ਦੀ ਵਰਤੋਂ ਨਾ ਸਿਰਫ਼ ਦੱਖਣੀ ਏਸ਼ੀਆਈ ਸੱਭਿਆਚਾਰ ਨੂੰ ਦਰਸਾਉਂਦੀ ਹੈ, ਸਗੋਂ ਜਹਾਜ਼ 'ਤੇ ਮੌਜੂਦ ਲੋਕਾਂ ਦੀ ਵਿਭਿੰਨਤਾ 'ਤੇ ਵੀ ਜ਼ੋਰ ਦਿੰਦੀ ਹੈ। ਹਰੀਆਂ ਪੱਗਾਂ ਮੁਸਲਮਾਨ ਯਾਤਰੀਆਂ ਨੂੰ ਸ਼ਰਧਾਂਜਲੀ ਦਿੰਦੀਆਂ ਹਨ, ਗਹਿਰਾ -ਨੀਲਾ ਸਮੁੰਦਰ ਉਹਨਾਂ ਲੋਕਾਂ ਦਾ ਪ੍ਰਤੀਨਿੱਧਤਵ ਕਰਦਾ ਹੈ ਜੋ ਸਿੱਖ ਸਨ, ਅਤੇ ਭਗਵੇਂ ਰੰਗ ਦੀਆਂ ਜੈਕਟਾਂ ਉਹਨਾਂ ਨੂੰ ਦਰਸਾਉਂਦੀਆਂ ਹਨ ਜੋ ਹਿੰਦੂ ਸਨ। ਰੰਗਾਂ ਦੀ ਵਰਤੋਂ ਰਾਹੀਂ, ਕਲਾਕਾਰ ਜੈਗ ਨਾਗਰਾ ਪੱਖਪਾਤੀ, ਨਸਲਵਾਦੀ, ਅਤੇ ਅਪਮਾਨਜਨਕ ਇਤਿਹਾਸਕ ਸਮਾਚਾਰ ਲੇਖਾਂ ਦਾ ਜਵਾਬ ਦਿੰਦੀ  ਹੈ, ਜਿਸ ਵਿੱਚ ਯਾਤਰੀਆਂ ਵਿੱਚ ਵਿਭਿੰਨਤਾ ਨੂੰ ਮਿਟਾ ਕੇ ਸਾਰੇ ਯਾਤਰੀਆਂ ਨੂੰ ਹਿੰਦੂ ਵਜੋਂ ਲੇਬਲ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਯਾਤਰੀਆਂ ਬਾਰੇ ਜਨਤਕ ਬਿਰਤਾਂਤ ਨੂੰ ਆਕਾਰ ਦੇਣ ਵਿੱਚ ਪ੍ਰਿੰਟ ਮੀਡੀਆ ਦੀ ਮਹੱਤਵਪੂਰਨ ਭੂਮਿਕਾ ਨੂੰ ਰੇਖਾਂਕਿਤ ਕਰਨ ਲਈ ਟੈਕਸਟ ਨੂੰ ਨਿਊਜ਼ਪ੍ਰਿੰਟ ਟਾਈਪਫੇਸ ਵਿੱਚ ਲਿਖਿਆ ਗਿਆ ਹੈ। ਅਤੇ ਅੰਤ ਵਿੱਚ, *ਗੁਰੂ ਨਾਨਕ ਜਹਾਜ਼*, ਜੋ ਕਿ ਜਹਾਜ਼ ਦਾ ਦੂਸਰਾ ਨਾਮਕਰਣ ਸੀ, 1914 ਦੀ ਦੁਖਾਂਤ ਦੀ ਤਾਰੀਖ ਦੇ ਨਾਲ ਗੁਰਮੁਖੀ ਵਿੱਚ ਪ੍ਰਮੁੱਖਤਾ ਨਾਲ ਲਿਖਿਆ ਗਿਆ ਹੈ।

# ਕਲਾਕਾਰ ਬਾਰੇ

ਕਾਮਾਗਾਟਾ ਮਾਰੂ ਪਲੇਸ ਲਈ ਇਹ ਚਿੰਨ੍ਹ ਕਲਾਕਾਰ ਕੁਈਰ ਪੰਜਾਬੀ, ਵਿਜ਼ੂਅਲ ਆਰਟਿਸਟ Jagandeep (Jag) Kaur Nagra (ਜਗਨਦੀਪ ( ਜੈਗ) ਕੌਰ ਨਾਗਰਾ) ਦੁਆਰਾ ਬਣਾਇਆ ਗਿਆ ਸੀ, ਜੋ ਕਲਾ ਦੀ ਪਹੁੰਚ, ਭਾਈਚਾਰਕ ਵਿਕਾਸ ਅਤੇ ਦੱਖਣੀ ਏਸ਼ੀਆਈ ਭਾਈਚਾਰੇ ਵਿੱਚ LGBTQ+ ਸਟਿਗਮਾ ਦਾ ਮੁਕਾਬਲਾ ਕਰਨ ਬਾਰੇ ਭਾਵੁਕ ਹੈ।



# ਕਲਾਕਾਰ ਦਾ ਬਿਆਨ:

*ਇਸ 'ਤੇ ਕੰਮ ਕਰਨਾ ਇੱਕ ਭਾਵਨਾਤਮਕ ਸਫ਼ਰ ਰਿਹਾ ਹੈ: ਸ਼ੁਰੂ ਤੋਂ ਜਦੋਂ ਮੈਂ ਦੱਖਣੀ ਏਸ਼ੀਆਈ ਕੈਨੇਡੀਅਨ ਮੂਲ ਦੇ ਲੋਕਾਂ ਵਿਰੁੱਧ ਇਤਿਹਾਸਕ ਵਿਤਕਰੇ ਲਈ ਸਿਟੀ ਆਫ਼ ਵੈਨਕੂਵਰ ਦੀ ਕਮੇਟੀ, ਸੈਕੰਡਰੀ ਸਟ੍ਰੀਟ ਨਾਮਕਰਨ ਸਲਾਹਕਾਰ ਕਮੇਟੀ ਵਿੱਚ ਸ਼ਾਮਲ ਹੋਈ ਅਤੇ ਹੁਣ ਮੈਨੂੰ ਇਸ ਆਰਟਵਰਕ ਪ੍ਰਸਤਾਵ ਨੂੰ ਬਣਾਉਣ ਦਾ ਮੌਕਾ ਦਿੱਤਾ ਗਿਆ ਹੈ। ਵੈਨਕੂਵਰ ਬੰਦਰਗਾਹ ਵਿੱਚ ਵਾਪਰੇ ਦੁਖਾਂਤ ਦੀ ਯਾਦ ਦਵਾਉਣ ਵਾਲੇ ਆਰਟਵਰਕ ਨੂੰ ਬਣਾਉਣ ਲਈ ਕਲਾਕਾਰ ਦੀ ਜ਼ਿੰਮੇਵਾਰੀ ਬਹੁਤ ਵੱਡੀ ਹੈ, ਅਤੇ ਮੈਂ ਇਸਨੂੰ ਹਲਕੇ ਵਿਚ ਨਹੀਂ ਲਿਆ ।*

*ਕਾਮਾਗਾਟਾ ਮਾਰੂ ਨੂੰ "ਘਟਨਾ" ਵਜੋਂ ਸ਼ਬਦਬੱਧ ਕਰਨ ਨੇ ਇਸ ਗੱਲ ਦੀ ਗੰਭੀਰਤਾ ਨੂੰ ਘੱਟ ਕਰ ਦਿੱਤਾ ਹੈ ਕਿ ਸਾਡੇ ਪੁਰਵਜਾਂ ਨੇ ਸਮੁੰਦਰੀ ਜਹਾਜ਼ 'ਤੇ ਆਪਣੇ ਛੇ ਦੁਖਦਾਈ ਮਹੀਨਿਆਂ ਦੌਰਾਨ ਕੀ ਸਹਿਣ ਕੀਤਾ ਸੀ। ਹਾਲਾਂਕਿ ਇਹ ਇਤਿਹਾਸਕ ਲਿਖਤਾਂ ਵਿੱਚ ਇੱਕ ਛੋਟੀ ਜਿਹਾ ਭੁੱਲ ਹੋ ਸਕਦੀ ਹੈ, ਪਰ ਸਾਡੇ ਲੋਕਾਂ ਤੇ' ਇਸਦਾ ਸਥਾਈ ਪ੍ਰਭਾਵ ਪਿਆ ਹੈ। ਨਸਲਵਾਦ, ਮਨੁੱਖੀ ਜੀਵਨ ਪ੍ਰਤੀ ਸੰਦਰਭ ਦੀ ਘਾਟ...ਇਹ ਕੋਈ ਘਟਨਾ ਨਹੀਂ ਹੈ, ਇਹ ਸ਼ਬਦ ਦੇ ਹਰ ਅਰਥ ਵਿਚ ਇਕ ਤ੍ਰਾਸਦੀ ਹੈ।*

*ਕਲਾਕ੍ਰਿਤੀਆਂ ਦੀ ਇਸ ਲੜੀ ਦੇ ਜ਼ਰੀਏ, ਮੈਂ ਹਰ ਇੱਕ ਤੱਤ ਅਤੇ ਰੰਗ ਦੀ ਚੋਣ ਕਰਨ ਵਿੱਚ ਵਿਚਾਰ ਕੀਤਾ ਹੈ। ਜਦੋਂ ਮੈਂ ਇੰਟਰਵਿਊਆਂ, ਪੌਡਕਾਸਟਾਂ ਨੂੰ ਸੁਣਿਆ ਅਤੇ ਦੁਖਾਂਤ ਬਾਰੇ ਲੇਖ ਪੜ੍ਹੇ ਤਾਂ ਹਰ ਲਾਈਨ ਜੋ ਮੈਂ ਖਿੱਚੀ, ਉਹ ਭਾਰੀ ਮਹਿਸੂਸ ਹੋਈ ਵਿਦਵਾਨਾਂ, ਭਾਈਚਾਰਕ ਮੈਂਬਰਾਂ ਅਤੇ ਵੰਸ਼ਜਾਂ ਦੀ ਆਵਾਜ਼ ਹਰ ਲਾਈਨ, ਹਰ ਸ਼ਕਲ ਅਤੇ ਹਰ ਰੰਗ ਵਿਚ ਹੈ।*

# ਇਤਿਹਾਸ




[Remembering Komagata Maru (youtube.com)]

1914 ਵਿੱਚ, ਇੱਕ ਸਿੱਖ ਵਪਾਰੀ ਅਤੇ ਕਮਿਊਨਿਟੀ ਲੀਡਰ, ਗੁਰਦਿੱਤ ਸਿੰਘ ਨੇ ਹਾਂਗਕਾਂਗ ਤੋਂ ਕਾਮਾਗਾਟਾ ਮਾਰੂ ਨਾਮਕ ਇੱਕ ਜਾਪਾਨੀ ਸਟੀਮਸ਼ਿਪ ਨੂੰ ਚਾਰਟਰ ਕੀਤਾ। ਹਾਂਗਕਾਂਗ ਦੇ ਇੱਕ ਗੁਰਦੁਆਰੇ (ਸਿੱਖਿਆ ਅਤੇ ਪੂਜਾ ਸਥਾਨ) ਵਿਖੇ ਅਰਦਾਸ (ਪ੍ਰਾਰਥਨਾ ਸੇਵਾ) ਤੋਂ ਬਾਅਦ ਜਹਾਜ਼ ਦਾ ਨਾਮ ਬਦਲ ਕੇ ਗੁਰੂ ਨਾਨਕ ਜਹਾਜ਼ ਰੱਖਿਆ ਗਿਆ ਸੀ।

# ਗੁਰੂ ਨਾਨਕ ਜਹਾਜ਼

ਗੁਰੂ ਨਾਨਕ ਸਿੱਖਾਂ ਦੇ ਦਸ ਗੁਰੂਆਂ ਵਿੱਚੋਂ ਪਹਿਲੇ ਗੁਰੂ ਸਨ ਅਤੇ ਸਿੱਖ ਧਰਮ ਨੂੰ ਮੰਨਣ ਵਾਲਿਆਂ ਲਈ ਅਧਿਆਤਮਿਕ ਮੁੱਲ ਰੱਖਦੇ ਹਨ। ਜਹਾਜ਼ ਦਾ ਪੰਜਾਬੀ ਵਿੱਚ ਅਰਥ ਹੈ 'ਜਹਾਜ਼'।



4 ਅਪ੍ਰੈਲ, 1914 ਨੂੰ, ਕਾਮਾਗਾਟਾ ਮਾਰੂ 376 ਯਾਤਰੀਆਂ ਨੂੰ ਲੈ ਕੇ ਹਾਂਗਕਾਂਗ ਤੋਂ ਰਵਾਨਾ ਹੋਇਆ - ਲਗਭਗ 340 ਸਿੱਖ, 24 ਮੁਸਲਿਮ, ਅਤੇ 12 ਹਿੰਦੂ ਯਾਤਰੀ - ਦੋ ਔਰਤਾਂ ਅਤੇ ਪੰਜ ਬੱਚਿਆਂ ਸਮੇਤ, ਜ਼ਿਆਦਾਤਰ ਪੰਜਾਬ, ਬ੍ਰਿਟਿਸ਼ ਭਾਰਤ ਦੇ ਰਹਿਣ ਵਾਲੇ ਸਨ। ਜਹਾਜ਼ ਨੇ ਸ਼ੰਘਾਈ ਅਤੇ ਯੋਕੋਹਾਮਾ ਤੋਂ ਵੈਨਕੂਵਰ ਦੇ ਬਰਾਰਡ ਇਨਲੇਟ ਤੱਕ ਦੋ ਮਹੀਨੇ ਦਾ ਸਫ਼ਰ ਸ਼ੁਰੂ ਕੀਤਾ। ਯਾਤਰੀ, ਸਾਰੇ ਬ੍ਰਿਟਿਸ਼ ਨਾਗਰਿਕ,  ਇੱਕ ਬਿਹਤਰ ਜੀਵਨ ਦੀ ਭਾਲ ਵਿੱਚ ਹੋਰ ਬਹੁਤ ਸਾਰੇ ਲੋਕਾਂ ਵਾਂਗ ਦੁਨੀਆ ਭਰ ਵਿੱਚ ਯਾਤਰਾ ਕਰ ਰਹੇ ਸਨ। ਉਹ ਕੈਨੇਡਾ ਵਿੱਚ ਕੰਮ ਲੱਭਣ ਅਤੇ ਘਰ ਵਾਪਸ ਆਪਣੇ ਪਰਿਵਾਰਾਂ ਦੀ ਸਹਾਇਤਾ ਕਰਨ ਦੀ ਉਮੀਦ ਰੱਖਦੇ ਸਨ।

23 ਮਈ, 1914 ਨੂੰ, ਜਹਾਜ਼ ਵੈਨਕੂਵਰ ਪਹੁੰਚਿਆ ਅਤੇ ਬਰਾਰਡ ਇਨਲੇਟ ਵਿੱਚ ਲੰਗਰ ਲਗਾਇਆ। ਵੈਧ ਯਾਤਰਾ ਦਸਤਾਵੇਜ਼ ਰੱਖਣ ਅਤੇ ਵੱਡੇ ਭੇਦਭਾਵ ਵਾਲੇ $200 ਹੈੱਡ ਟੈਕਸ ਦੀ ਪਾਲਣਾ ਕਰਨ ਦੇ ਬਾਵਜੂਦ, ਸਿਰਫ਼ 20 ਯਾਤਰੀਆਂ ਨੂੰ ਹੀ ਉਤਰਨ ਦੀ ਇਜਾਜ਼ਤ ਦਿੱਤੀ ਗਈ, ਕਿਉਂਕਿ ਉਹ ਪਹਿਲਾਂ ਕੈਨੇਡਾ ਵਿੱਚ ਰਹਿੰਦੇ ਸਨ। ਬਾਕੀ 356 ਯਾਤਰੀਆਂ ਨੂੰ ਦਾਖਲੇ ਤੋਂ ਇਨਕਾਰ ਕਰ ਦਿੱਤਾ ਗਿਆ ਸੀ ਅਤੇ ਉਨ੍ਹਾਂ ਨੂੰ ਜਹਾਜ਼ 'ਤੇ ਰੱਖਿਆ

ਗਿਆ ਸੀ, ਜੋ ਕਿ ਬੰਦਰਗਾਹ 'ਤੇ ਰੁਕਿਆ ਹੋਇਆ ਸੀ। ਕੈਨੇਡੀਅਨ ਸਰਕਾਰ ਨੇ ਦਲੀਲ ਦਿੱਤੀ ਕਿ ਯਾਤਰੀ ਲਗਾਤਾਰ ਯਾਤਰਾ ਕਰਕੇ ਨਹੀਂ ਪਹੁੰਚੇ ਸਨ।

ਕੈਨੇਡੀਅਨ ਸਰਕਾਰ ਦੇ ਨਿਰੰਤਰ ਸਫ਼ਰ ਦੇ ਨਿਯਮ ਅਨੁਸਾਰ ਪ੍ਰਵਾਸੀਆਂ ਨੂੰ ਰਸਤੇ ਵਿੱਚ ਕਿਸੇ ਹੋਰ ਬੰਦਰਗਾਹ 'ਤੇ ਰੁਕੇ ਜਾਂ ਉਤਰਨ ਤੋਂ ਬਿਨਾਂ ਆਪਣੇ ਮੂਲ ਦੇਸ਼ ਤੋਂ ਸਿੱਧੀ ਯਾਤਰਾ ਕਰਨ ਦੀ ਲੋੜ ਹੁੰਦੀ ਹੈ। ਇਹ ਨੀਤੀ ਖਾਸ ਤੌਰ 'ਤੇ ਭਾਰਤ ਤੋਂ ਆਏ ਪ੍ਰਵਾਸੀਆਂ ਨੂੰ ਨਿਸ਼ਾਨਾ ਬਣਾਉਂਦੀ ਹੈ, ਜਿਨ੍ਹਾਂ ਕੋਲ ਉਸ ਸਮੇਂ, ਇੱਕ ਲਗਾਤਾਰ ਸਮੁੰਦਰੀ ਸਫ਼ਰ ਵਿੱਚ ਕੈਨੇਡਾ ਜਾਣ ਦਾ ਕੋਈ ਰਸਤਾ ਨਹੀਂ ਸੀ। ਇਹ ਨਿਯਮ ਏਸ਼ੀਅਨ-ਵਿਰੋਧੀ ਅਤੇ "ਹਿੰਦੂ"-ਵਿਰੋਧੀ ਨਸਲਵਾਦ, ਯਹੂਦੀ ਵਿਰੋਧੀ, ਕਾਲੇ ਕੈਨੇਡੀਅਨਾਂ ਪ੍ਰਤੀ ਵੱਧ ਰਹੇ ਨਸਲਵਾਦ, ਅਤੇ ਚੱਲ ਰਹੇ ਮੂਲਵਾਸੀ-ਵਿਰੋਧੀ ਨਸਲਵਾਦ (ਉਦਾਹਰਨ ਲਈ, ਕ੍ਰਮਵਾਰ ਸਭਿਅਤਾ ਐਕਟ, 1857) ਦੇ ਸੰਦਰਭ ਵਿੱਚ ਪਾਸ ਕੀਤਾ ਗਿਆ ਸੀ।

ਹੈਨਰੀ ਹਰਬਰਟ ਸਟੀਵਨਜ਼ ਜੋ ਕਿ 1912 ਵਿੱਚ ਗ੍ਰੇਟਰ ਵੈਨਕੂਵਰ ਲਈ ਸੰਸਦ ਮੈਂਬਰ ਬਣਨ ਤੋਂ ਪਹਿਲਾਂ, 1911 ਤੱਕ ਵੈਨਕੂਵਰ ਸਿਟੀ ਆਲਡਰਮੈਨ (ਕਾਉਂਸਿਲਰ) ਸੀ, ਨੇ ਜਨਤਕ ਤੌਰ 'ਤੇ ਨਿਰੰਤਰ ਯਾਤਰਾ ਦੇ ਨਿਯਮ ਦਾ ਸਮਰਥਨ ਕੀਤਾ। "ਓਰੀਐਂਟਲ ਸਮੱਸਿਆ" ਸਿਰਲੇਖ ਵਾਲੇ ਇੱਕ ਪੈਂਫਲੈਟ ਵਿੱਚ ਉਸਨੇ ਦੱਖਣੀ ਏਸ਼ੀਆਈ ਭਾਈਚਾਰੇ ਦੇ ਨੇਤਾਵਾਂ ਨੂੰ ਖ਼ਤਰਨਾਕ, ਸ਼ੋਸ਼ਣਸ਼ੀਲ ਅਤੇ ਅਣਜਾਣ ਦੱਸਿਆ। ਸਟੀਵਨਜ਼ ਭਾਰਤ ਤੋਂ ਕੈਨੇਡਾ ਆਵਾਸ ਦਾ ਸਖ਼ਤ ਵਿਰੋਧ ਕਰਦਾ ਸੀ, ਦੱਖਣੀ ਏਸ਼ੀਆਈ ਲੋਕਾਂ ਨੂੰ ਅਣਚਾਹੇ ਕਹਿੰਦਾ ਸੀ, ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਸ਼ਾਮਲ ਹੋਣ ਦੇ ਅਧਿਕਾਰ ਦਾ ਵਿਰੋਧ ਕਰਦਾ ਸੀ।
6 ਜੁਲਾਈ, 1914 ਨੂੰ, ਬ੍ਰਿਟਿਸ਼ ਕੋਲੰਬੀਆ ਦੀ ਅਪੀਲ ਕੋਰਟ ਨੇ ਕੈਨੇਡੀਅਨ ਜਾਂ ਬ੍ਰਿਟਿਸ਼ ਕਾਨੂੰਨ ਵਿੱਚ ਯਾਤਰੀਆਂ ਨੂੰ ਦਾਖਲੇ ਦਾ ਅਧਿਕਾਰ ਦੇਣ ਵਾਲਾ ਕੋਈ ਫੈਸਲਾ ਨਾ ਮਿਲਣ ਤੋਂ ਬਾਅਦ ਕੈਨੇਡਾ ਸਰਕਾਰ ਦੇ ਹੱਕ ਵਿੱਚ ਫੈਸਲਾ ਸੁਣਾਇਆ। ਲਗਭਗ 20 ਯਾਤਰੀਆਂ ਨੂੰ ਛੱਡ ਕੇ ਬਾਕੀ ਸਾਰਿਆਂ ਨੂੰ ਭਾਰਤ ਪਰਤਣ ਦਾ ਆਦੇਸ਼ ਦਿੱਤਾ ਗਿਆ ਸੀ।

ਵੈਨਕੂਵਰ ਦੇ ਬਰਾਰਡ ਇਨਲੇਟ ਵਿੱਚ 62 ਦਿਨਾਂ ਤੱਕ ਜਹਾਜ਼ ਵਿੱਚ ਯਾਤਰੀਆਂ ਨੂੰ ਨਜ਼ਰਬੰਦ ਰੱਖਣ ਤੋਂ ਬਾਅਦ, ਕਾਮਾਗਾਟਾਮਾਰੂ/ਗੁਰੂ ਨਾਨਕ ਜਹਾਜ਼ ਨੂੰ 23 ਜੁਲਾਈ, 1914 ਨੂੰ ਕੈਨੇਡੀਅਨ ਫੌਜ ਦੁਆਰਾ ਬੰਦਰਗਾਹ ਤੋਂ ਬਾਹਰ ਕੱਢਿਆ ਗਿਆ ਸੀ। 29 ਸਤੰਬਰ, 1914 ਨੂੰ ਕੋਲਕਾਤਾ, ਭਾਰਤ ਦੇ ਨੇੜੇ ਬਜਬਜ ਦੀ ਭਾਰਤੀ ਬੰਦਰਗਾਹ 'ਤੇ ਜਹਾਜ਼ ਦੇ ਪਹੁੰਚਣ 'ਤੇ, 19 ਯਾਤਰੀਆਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ ਜਦੋਂ ਕਿ ਕਈਆਂ ਨੂੰ ਬ੍ਰਿਟਿਸ਼ ਭਾਰਤੀ ਪੁਲਿਸ ਅਤੇ ਫੌਜਾਂ ਦੁਆਰਾ ਕੈਦ ਜਾਂ ਨਜ਼ਰਬੰਦ ਕਰ ਦਿੱਤਾ ਗਿਆ ਸੀ ਕਿਉਂਕਿ ਉਨ੍ਹਾਂ ਨੂੰ ਸਿਆਸੀ ਅੰਦੋਲਨਕਾਰੀ ਕਿਹਾ ਗਿਆ ਸੀ।



# ਸ਼ਹਿਰ ਦੀ ਭੂਮਿਕਾ

ਕਾਮਾਗਾਟਾਮਾਰੂ ਕਾਂਡ ਕੈਨੇਡੀਅਨ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਪਲ ਬਣਿਆ ਹੋਇਆ ਹੈ, ਜੋ ਉਸ ਸਮੇਂ ਦੀਆਂ ਵਿਤਕਰੇ ਭਰੀ ਇਮੀਗ੍ਰੇਸ਼ਨ ਨੀਤੀਆਂ ਅਤੇ ਪ੍ਰਵਾਸੀਆਂ, ਖਾਸ ਕਰਕੇ ਏਸ਼ੀਆ ਦੇ ਲੋਕਾਂ ਨੂੰ ਦਰਪੇਸ਼ ਮੁਸ਼ਕਲਾਂ ਨੂੰ ਦਰਸਾਉਂਦਾ ਹੈ।

ਵੈਨਕੂਵਰ ਕੌਂਸਲ ਦੀ May 2020 report on the Commemoration of the Komagata Maru incident (ਮਈ 2020 ਦੀ ਕਾਮਾਗਾਟਾਮਾਰੂ ਘਟਨਾ ਦੀ ਯਾਦ ਵਿੱਚ ਰਿਪੋਰਟ), ਵੈਨਕੂਵਰ ਦੇ ਸ਼ਹਿਰ ਦੇ 1914 ਵਿੱਚ ਜਹਾਜ਼ ਦੇ ਆਉਣ ਦੇ ਜਵਾਬ ਵਿੱਚ ਡੂੰਘਾਈ ਨਾਲ ਵਿਚਾਰ ਕਰਦੀ ਹੈ। ਇਹ ਇਤਿਹਾਸਕ ਸੰਦਰਭ, ਇੱਕ ਭਾਈਚਾਰੇ ਦੇ ਇਤਿਹਾਸਕਾਰ ਦਾ ਦ੍ਰਿਸ਼ਟੀਕੋਣ, ਫੋਟੋਆਂ ਅਤੇ ਵਿਸਤ੍ਰਿਤ ਇਤਿਹਾਸਕ ਜਾਣਕਾਰੀ ਪ੍ਰਦਾਨ ਕਰਦਾ ਹੈ।

1914 ਵਿੱਚ ਸਿਟੀ ਆਫ਼ ਵੈਨਕੂਵਰ ਦੁਆਰਾ ਕੀਤੀਆਂ ਗਈਆਂ ਕੁਝ ਖਾਸ ਕਾਰਵਾਈਆਂ ਇਹ ਹਨ, ਜਿਨ੍ਹਾਂ ਨੇ ਕਾਮਾਗਾਟਾਮਾਰੂ ਯਾਤਰੀਆਂ ਅਤੇ ਵੱਡੇ ਦੱਖਣੀ ਏਸ਼ੀਆਈ ਭਾਈਚਾਰੇ 'ਤੇ ਨਕਾਰਾਤਮਕ ਪ੍ਰਭਾਵ ਪਾਇਆ:

• ਬੁਰਾਰਡ ਇਨਲੇਟ ਵਿੱਚ 62-ਦਿਨਾਂ ਦੀ ਇੱਕਲਤਾ ਵਿੱਚ ਯਾਤਰੀਆਂ ਨੂੰ 3-4 ਦਿਨ ਬਿਨ੍ਹਾਂ ਭੋਜਨ ਅਤੇ ਪਾਣੀ ਦੇ ਗੁਜ਼ਾਰਨੇ ਪਏ। ਉਨ੍ਹਾਂ ਦੇ ਨੁਮਾਇੰਦਿਆਂ ਨੇ ਵੈਨਕੂਵਰ ਦੇ ਮੇਅਰ ਨੂੰ ਵਾਰ-ਵਾਰ ਚਿੱਠੀਆਂ ਲਿਖੀਆਂ, ਜਹਾਜ 'ਤੇ ਵਿਗੜਦੇ ਰਹਿਣ ਦੀਆਂ ਸਥਿਤੀਆਂ ਦੀ ਸੂਰਤ ਵਿਚ ਭੋਜਨ, ਪਾਣੀ ਅਤੇ ਡਾਕਟਰੀ ਸਹਾਇਤਾ ਦੀ ਬੇਨਤੀ ਕੀਤੀ। ਸਿਟੀ ਨੇ ਇਹਨਾਂ ਪੱਤਰਾਂ ਦਾ ਜਵਾਬ ਨਹੀਂ ਦਿੱਤਾ, ਨਾ ਹੀ ਉਹਨਾਂ ਨੇ ਇਹ ਵਿਵਸਥਾਵਾਂ ਪ੍ਰਦਾਨ ਕਰਨ ਲਈ ਸੀਨੀਅਰ ਸਰਕਾਰ ਤੋਂ ਸਹਾਇਤਾ ਮੰਗੀ ।

• ਵੈਨਕੂਵਰ ਦੇ ਮੇਅਰ ਬੈਕਸਟਰ ਨੇ ਇੱਕ ਜਨਤਕ ਮੀਟਿੰਗ ਦਾ ਆਯੋਜਨ ਕੀਤਾ, ਜੋ ਕਿ ਡੋਮੀਨੀਅਨ ਹਾਲ ਵਜੋਂ ਜਾਣੇ ਜਾਂਦੇ ਕਮਿਊਨਿਟੀ ਹਾਲ ਵਿੱਚ ਆਯੋਜਿਤ ਕੀਤੀ ਗਈ ਸੀ। ਦੱਖਣੀ ਏਸ਼ੀਆਈ ਲੋਕਾਂ ਨੂੰ ਦਾਖਲੇ ਤੋਂ ਇਨਕਾਰ ਕਰ ਦਿੱਤਾ ਗਿਆ ਸੀ ਅਤੇ ਸ਼ਾਮਲ ਹੋਣ ਦੇ ਚਾਹਵਾਨਾਂ ਵਿੱਚੋਂ ਕੁਝ ਨੂੰ ਪੁਲਿਸ ਦੁਆਰਾ ਜ਼ਬਰਦਸਤੀ ਹਟਾ ਦਿੱਤਾ ਗਿਆ ਸੀ।

*" ਇੱਥੇ ਬੰਦਰਗਾਹ ਵਿੱਚ ਅਣਚਾਹੇ ਲੋਕਾਂ ਨਾਲ ਭਰੀ ਇੱਕ ਕਿਸ਼ਤੀ ਪ੍ਰਵੇਸ਼ ਦੀ ਮੰਗ ਕਰ ਰਹੀ ਹੈ, ਜੋ ਸਾਡੇ ਕਾਨੂੰਨਾਂ ਦੀ ਉਲੰਘਣਾ ਕਰਦੇ ਹੋਏ ਜ਼ਬਰਦਸਤੀ ਆਪਣਾ ਰਸਤਾ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਅਤੇ ਜੋ ਸਾਡੇ ਉੱਤੇ ਆਪਣੀ ਮੌਜੂਦਗੀ ਥੋਪਣ  ਲਈ ਅਦਾਲਤਾਂ ਵਿੱਚ ਕਾਰਵਾਈ ਕਰਨ ਤੋਂ ਨਹੀਂ ਰੁਕਣਗੇ। ਇੱਥੇ ਉਨ੍ਹਾਂ ਲਈ ਕੋਈ ਥਾਂ ਨਹੀਂ ਹੈ।  ਸਾਡੇ ਨਾਗਰਿਕਾਂ ਲਈ ਵੀ ਕੰਮ ਉਪਲਬਧ ਨਹੀਂ ਹੈ ।*

*"ਮੈਂ ਇਹ ਵੇਖਣਾ ਚਾਹਾਂਗਾ ਕਿ ਕਾਮਾਗਾਟਾਮਾਰੂ ਨਾਲ ਜੁੜਕੇ ਅਤੇ ਉਸ ਨੂੰ ਆਪਣੀਆਂ ਅਣਚਾਹੀਆਂ ਚੀਜ਼ਾਂ ਦੇ ਭਾਰ ਨਾਲ ਸਮੁੰਦਰ ਤੋਂ ਬਾਹਰ ਤੱਕ ਲਿਜਾਣ ਲਈ ਦੋ ਟਗਬੋਟਾਂ ਲਈ ਆਦੇਸ਼ ਜਾਰੀ ਕੀਤੇ ਜਾਣ। ਅਸੀਂ ਨਹੀਂ ਚਾਹੁੰਦੇ ਕਿ ਇਹ ਮਾਮਲਾ ਅਦਾਲਤਾਂ ਵਿੱਚ ਜਾਵੇ... ਇਸ ਮੀਟਿੰਗ ਦਾ ਆਯੋਜਨ ਕਰਕੇ ਅਸੀਂ ਓਟਾਵਾ ਵਿੱਚ ਸਰਕਾਰ ਨੂੰ ਇੱਕ ਸ਼ਾਂਤ ਤਰੀਕੇ ਨਾਲ ਦਿਖਾਉਣਾ ਚਾਹੁੰਦੇ ਹਾਂ ਕਿ  ਇਹਨਾਂ ਪੂਰਬੀ ਭਾਰਤੀਆਂ ਤੋਂ ਦੇਸ਼ ਨੂੰ ਛੁਟਕਾਰਾ ਦਿਵਾਉਣ ਲਈ ਕੀਤੀ ਕਿਸੇ ਵੀ ਕਾਰਵਾਈ ਵਿੱਚ ਅਸੀਂ ਨਾਗਰਿਕਾਂ ਦੇ ਰੂਪ ਵਿੱਚ ਉਹਨਾਂ ਦੇ ਪਿੱਛੇ ਹਾਂ। ਹਿੰਦੂ ਇੱਕ ਲੋੜੀਂਦਾ ਨਾਗਰਿਕ ਨਹੀਂ ਹੈ, ਅਤੇ ਜਦੋਂ ਮੈਂ ਇਹ ਕਹਿੰਦਾ ਹਾਂ ਤਾਂ ਮੈਨੂੰ ਜਨਤਾ ਦੀ ਰਾਏ ਦਾ  ਸਮਰਥਨ ਮਿਲਦਾ ਹੈ।* **ਵੈਨਕੂਵਰ ਦੇ ਮੇਅਰ ਬੈਕਸਟਰ, ਵੈਨਕੂਵਰ ਸਨ, 23 ਜੂਨ, 1914**



COUNCIL ASKS FOR
EXCLUSION OF
HINDUS

Aldermen Unanimously Pass a
Resolution to Be Sent to
Premier Borden.

• ਸਿਟੀ ਕੌਂਸਲ ਨੇ ਸਰਬਸੰਮਤੀ ਨਾਲ "ਹਿੰਦੂਆਂ ਅਤੇ ਹੋਰ ਏਸ਼ੀਆਈ ਨਸਲਾਂ ਨੂੰ ਇਸ ਦੇਸ਼ ਵਿੱਚੋਂ ਬਾਹਰ ਕਰਨ" ਦੀ ਵਕਾਲਤ ਕਰਦੇ ਹੋਏ ਇੱਕ ਮਤਾ ਪਾਸ ਕੀਤਾ ਜਿਸ ਵਿੱਚ ਕਿਹਾ ਗਿਆ ਹੈ ਕਿ:

*"...ਜਦੋਂ ਕਿ ਇਹ ਪਤਾ ਹੈ ਕਿ ਜੇ ਇਹ ਹਿੰਦੂ ਉਤਰਨ ਵਿੱਚ ਕਾਮਯਾਬ ਹੋ ਜਾਂਦੇ ਹਨ ਤਾਂ ਇਹ ਇਨ੍ਹਾਂ ਦੀ ਆਪਣੇ ਹਜ਼ਾਰਾਂ ਹਮਵਤਨਾਂ ਨੂੰ ਇਸ ਦੇਸ਼ ਵਿੱਚ ਲਿਆਉਣ ਦੀ ਯੋਜਨਾ ਹੈ। ਅਤੇ ਜਦੋਂ ਕਿ ਇਹਨਾਂ ਲੋਕਾਂ ਦੀ ਮੌਜੂਦਗੀ ਮੌਜੂਦਾ ਅਸੰਤੁਸ਼ਟੀਜਨਕ ਕਿਰਤ ਸਥਿਤੀ ਨੂੰ ਹੋਰ ਵਧਾਉਣ ਦੇ ਨਾਲ-ਨਾਲ ਆਰਥਿਕ ਅਤੇ ਸਮਾਜਿਕ ਤੌਰ 'ਤੇ ਸਾਡੀ ਸਭਿਅਤਾ ਲਈ ਇੱਕ ਗੰਭੀਰ ਖ਼ਤਰਾ ਸਾਬਤ ਹੋਵੇਗੀ। ਇਸਲਈ, ਇਹ ਕੌਂਸਲ ਆਪਣੇ ਆਪ ਨੂੰ ਇਸ ਦੇਸ਼ ਵਿੱਚ ਹਿੰਦੂਆਂ ਅਤੇ ਹੋਰ ਏਸ਼ੀਆਈ ਨਸਲਾਂ ਦੇ ਦਾਖਲੇ ਦੇ ਪ੍ਰਤੀ ਵਿਰੋਧੀ ਦੇ ਰੂਪ ਵਿੱਚ ਦਰਜ ਕਰਨਾ ਚਾਹੁੰਦੀ ਹੈ ਅਤੇ ਉਸ ਦੇ ਮਾਣਯੋਗ ਮੇਅਰ ਨੂੰ ਇਸ ਵਿਚਾਰ ਨੂੰ ਵਿਅਕਤ ਕਰਦੇ ਹੋਏ ਪ੍ਰੀਮਿਅਰ ਸਰ ਰੌਬਰਟ ਬੋਰਡਨ ਨੂੰ ਇੱਕ ਤਾਰ ਭੇਜਣ ਦਾ ਅਧਿਕਾਰ ਦਿੰਦੀ ਹੈ ।*

• 6 ਜੁਲਾਈ ਦੇ ਬੋਰਡ ਆਫ ਅਪੀਲ ਦੇ ਫੈਸਲੇ ਤੋਂ ਬਾਅਦ, ਯਾਤਰੀਆਂ ਨੇ ਫੈਸਲੇ ਨੂੰ ਸਵੀਕਾਰ ਕਰ ਲਿਆ ਅਤੇ ਉਹਨਾਂ ਦੇ ਲੰਬੇ ਵਾਪਸੀ ਦੇ ਸਫ਼ਰ ਲਈ ਢੁਕਵੇਂ ਪ੍ਰਬੰਧਾਂ (ਖਾਣਾ ਅਤੇ ਪਾਣੀ) ਪ੍ਰਦਾਨ ਕੀਤੇ ਜਾਣ ਤੋਂ ਬਾਅਦ ਹੀ ਰਵਾਨਾ ਹੋਣ ਲਈ ਸਹਿਮਤ ਹੋਏ। 19 ਜੁਲਾਈ, 1914 ਨੂੰ ਤੜਕੇ, 35 ਡਿਪੁਟਾਈਜ਼ਡ ਅਫਸਰਾਂ ਅਤੇ 125 ਸਿਟੀ ਪੁਲਿਸ ਅਫਸਰਾਂ ਦੇ ਨਾਲ ਇੱਕ ਜਹਾਜ਼, ਸਾਰੇ ਹਥਿਆਰਬੰਦ ਅਤੇ ਦੇਸ਼ ਨਿਕਾਲੇ ਦੇ ਹੁਕਮ ਅਨੁਸਾਰ ਉਸਨੂੰ ਬੰਦਰਗਾਹ ਤੋਂ ਬਾਹਰ ਕੱਢਣ ਦੇ ਇਰਾਦੇ ਨਾਲ ਕਾਮਾਗਾਟਾ ਮਾਰੂ ਦੇ ਨੇੜੇ ਪਹੁੰਚਿਆ। ਮੁਸਾਫਰ ਜਾਗ ਰਹੇ ਸਨ ਅਤੇ ਵਿਰੋਧ ਕਰ ਰਹੇ ਸਨ ਕਿਉਂਕਿ ਉਨ੍ਹਾਂ ਨੂੰ ਆਪਣੇ ਘਰ ਦੀ ਲੰਬੀ ਯਾਤਰਾ ਲਈ ਭੋਜਨ ਅਤੇ ਪਾਣੀ ਨਹੀਂ ਮਿਲਿਆ ਅਤੇ ਲੜਾਈ ਸ਼ੁਰੂ ਹੋ ਗਈ। ਵੈਨਕੂਵਰ ਪੁਲਿਸ ਨੇ ਮੇਅਰ ਬੈਕਸਟਰ ਅਤੇ ਸਿਟੀ ਆਲਡਰਮੈਨ (ਕਾਉਂਸਿਲਰਾਂ) ਦੇ ਇਤਰਾਜ਼ ਤੋਂ ਬਿਨਾਂ ਸੰਘੀ ਦੇਸ਼ ਨਿਕਾਲੇ ਦੇ ਹੁਕਮ ਨੂੰ ਲਾਗੂ ਕੀਤਾ।

• ਘਟਨਾ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਵਿੱਚ, ਵੈਨਕੂਵਰ ਪੁਲਿਸ ਕਿਸੇ ਵੀ ਦੱਖਣੀ ਏਸ਼ੀਆਈ ਵਿਅਕਤੀ ਨੂੰ ਹਿਰਾਸਤ ਵਿੱਚ ਲੈਣ ਦੇ ਯੋਗ ਸੀ ਜਿਸਨੂੰ ਉਹ ਸ਼ੱਕੀ ਸਮਝਦੇ ਸਨ ਅਤੇ ਵੈਨਕੂਵਰ ਵਿੱਚ ਸਥਾਨਕ ਦੱਖਣੀ ਏਸ਼ੀਆਈ ਆਬਾਦੀ ਦੇ ਖਿਲਾਫ ਵਿਆਪਕ ਪੁੱਛਗਿੱਛ ਅਤੇ ਖੋਜ ਕਰਨ ਦੇ ਯੋਗ ਸਨ।

ਇਹਨਾਂ ਵਿਆਪਕ ਨਸਲਵਾਦੀ ਭਾਵਨਾਵਾਂ ਅਤੇ ਪੱਖਪਾਤੀ ਝਟਕਿਆਂ ਦੇ ਬਾਵਜੂਦ, ਵੈਨਕੂਵਰ ਵਿੱਚ ਰਹਿ ਰਹੇ ਸਥਾਨਕ ਦੱਖਣੀ ਏਸ਼ੀਆਈ ਭਾਈਚਾਰਿਆਂ ਨੇ ਯਾਤਰੀਆਂ ਦੀ ਵਕਾਲਤ ਕੀਤੀ ਅਤੇ ਮੁਸਾਫਰਾਂ ਦੇ ਸਮਰਥਨ ਵਿੱਚ ਪ੍ਰਬੰਧਾਂ ਅਤੇ ਕਾਨੂੰਨੀ ਯਤਨਾਂ ਲਈ ਭੁਗਤਾਨ ਕਰਨ ਲਈ ਫੰਡ ਇਕੱਠੇ ਕੀਤੇ।

# ਸਿਟੀ ਆਫ਼ ਵੈਨਕੂਵਰ ਦੀ ਅਧਿਕਾਰਤ ਮੁਆਫ਼ੀ ਅਤੇ ਭਾਈਚਾਰਕ ਸ਼ਮੂਲੀਅਤ

[Komagata Maru Remembrance Day Proclamation (vancouver.ca)]




ਕਾਮਾਗਾਟਾ ਮਾਰੂ ਯਾਦਗਾਰੀ ਦਿਵਸ - ਹਸਤਾਖਰ ਕੀਤੇ ਐਲਾਨਨਾਮੇ

10 ਜੂਨ, 2020 ਨੂੰ, ਵੈਨਕੂਵਰ ਦੇ ਮੇਅਰ ਅਤੇ ਕੌਂਸਲ ਨੇ ਸਰਬਸੰਮਤੀ ਨਾਲ ਕਾਮਾਗਾਟਾ ਮਾਰੂ ਘਟਨਾ ਦੀ ਬੇਇਨਸਾਫ਼ੀ ਨੂੰ ਮਾਨਤਾ ਦੇਣ ਲਈ ਸਹਿਮਤੀ ਦਿੱਤੀ।

ਇਸ ਨੇ ਇੱਕ ਪ੍ਰਕਿਰਿਆ ਸ਼ੁਰੂ ਕੀਤੀ ਜਿਸ ਦੇ ਨਤੀਜੇ ਵਜੋਂ:

• ਸਿਟੀ ਆਫ ਵੈਨਕੂਵਰ ਨੇ 18 ਮਈ, 2021 ਨੂੰ 1914 ਵਿੱਚ ਬ੍ਰਿਟਿਸ਼ ਇੰਡੀਆ ਤੋਂ ਕਾਮਾਗਾਟਾ ਮਾਰੂ ਸਟੀਮਸ਼ਿਪ ਵਿੱਚ ਸਵਾਰ 376 ਯਾਤਰੀਆਂ ਪ੍ਰਤੀ ਇਤਿਹਾਸਕ ਵਿਤਕਰੇ ਲਈ ਰਸਮੀ ਮੁਆਫੀ ਮੰਗੀ।

• ਵੈਨਕੂਵਰ ਵਿੱਚ 23 ਮਈ ਨੂੰ Komagata Maru Remembrance Day (ਕਾਮਾਗਾਟਾ ਮਾਰੂ ਯਾਦਗਾਰੀ ਦਿਵਸ) ਵਜੋਂ ਘੋਸ਼ਿਤ ਕੀਤਾ ਗਿਆ।

• ਇਹ ਫੈਸਲਾ ਕਿ ਕੈਨੇਡਾ ਪਲੇਸ ਨੂੰ ਦੂਜਾ ਸਨਮਾਨਸੂਚਕ ਸਟਰੀਟ ਦਾ ਨਾਮ "ਕਾਮਾਗਾਟਾ ਮਾਰੂ ਪਲੇਸ" ਦਿੱਤਾ ਜਾਵੇ।

ਦੋਵੇਂ ਪਹਿਲਕਦਮੀਆਂ, ਅਤੇ ਸਟਰੀਟ ਦੇ ਨਾਮਕਰਨ ਦੀ ਬੇਨਤੀ, ਕਾਮਾਗਾਟਾ ਮਾਰੂ ਸੋਸਾਇਟੀ ਦੇ ਵੰਸ਼ਜਾਂ ਦੁਆਰਾ ਉਹਨਾਂ ਦੇ ਉਪ ਪ੍ਰਧਾਨ ਅਤੇ ਬੁਲਾਰੇ, ਰਾਜ ਸਿੰਘ ਤੂਰ ਦੀ ਅਗਵਾਈ ਵਿੱਚ ਸ਼ਹਿਰ ਕੋਲ ਲਿਆਂਦੀ ਗਈ ਸੀ।

ਇਸ ਸਾਰੀ ਪ੍ਰਕਿਰਿਆ ਦੇ ਦੌਰਾਨ, ਸਿਟੀ ਸਟਾਫ ਨੇ ਦੱਖਣੀ ਏਸ਼ੀਆਈ ਕੈਨੇਡੀਅਨ ਭਾਈਚਾਰਿਆਂ ਦੇ ਫੋਕਸ ਗਰੁੱਪਾਂ ਅਤੇ ਸਲਾਹਕਾਰਾਂ ਨਾਲ ਕੰਮ ਕੀਤਾ ਜਿਸ ਵਿੱਚ ਕਾਮਾਗਾਟਾ ਮਾਰੂ ਡਿਸੈਨਡੈਂਟਸ ਸੁਸਾਇਟੀ, ਖਾਲਸਾ ਦੀਵਾਨ ਸੁਸਾਇਟੀ; ਪੰਜਾਬੀ ਮਾਰਕੀਟ ਕੁਲੈਕਟਿਵ; ਸਿਟੀ ਆਫ਼ ਵੈਨਕੂਵਰ ਦੇ ਦੱਖਣੀ ਏਸ਼ੀਆਈ ਮੂਲ ਦੇ ਲੋਕਾਂ ਦੇ ਖਿਲਾਫ ਇਤਿਹਾਸਕ ਵਿਤਕਰਾ ਭਾਈਚਾਰਕ ਸਲਾਹਕਾਰ ਕਮੇਟੀ ਅਤੇ ਦੱਖਣੀ ਏਸ਼ੀਆਈ ਕਲਾਕਾਰਾਂ, ਕਿਊਰੇਟਰਾਂ ਅਤੇ ਸੱਭਿਆਚਾਰਕ ਵਰਕਰਾਂ ਦਾ ਕਲਾਕਾਰ ਚੋਣ ਪੈਨਲ ਸ਼ਾਮਲ ਹੈ। ਸਿਟੀ ਸਟਾਫ ਨੇ ਨਾਮਕਰਨ ਪ੍ਰਕਿਰਿਆ ਦੌਰਾਨ ਇਹਨਾਂ ਸਮੂਹਾਂ ਦੀ ਵੱਡਮੁੱਲੀ ਅਗਵਾਈ, ਸਮਾਂ ਅਤੇ ਮੁਹਾਰਤ ਨੂੰ ਸਾਂਝਾ ਕਰਨ ਲਈ ਉਹਨਾਂ ਦੀ ਦਿਲੋਂ ਪ੍ਰਸ਼ੰਸਾ ਕੀਤੀ।

2008 ਅਤੇ 2016 ਵਿੱਚ, ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਅਤੇ ਕੈਨੇਡਾ ਸਰਕਾਰ ਨੇ ਵਿਤਕਰੇ ਦੇ ਇਸ ਭਿਆਨਕ ਕੰਮ ਲਈ ਰਸਮੀ ਤੌਰ 'ਤੇ ਮੁਆਫੀ ਮੰਗੀ।

# ਅੱਗੇ ਵੱਧਦੇ ਹੋਏ

ਕਾਮਾਗਾਟਾ ਮਾਰੂ ਪਲੇਸ ਦਾ ਦੂਜਾ ਸਨਮਾਨਸੂਚਕ ਨਾਮਕਰਨ ਦੱਖਣੀ ਏਸ਼ੀਆਈ ਭਾਈਚਾਰਿਆਂ ਵਿਰੁੱਧ ਇਤਿਹਾਸਕ ਵਿਤਕਰੇ ਲਈ ਸੱਭਿਆਚਾਰਕ ਨਿਵਾਰਣ ਦੇ ਯਤਨਾਂ ਲਈ ਸ਼ਹਿਰ ਦੀ ਵੱਡੀ ਵਚਨਬੱਧਤਾ ਦਾ ਇੱਕ ਹਿੱਸਾ ਹੈ।
ਇਸ ਕੰਮ ਦਾ ਇੱਕ ਟੀਚਾ ਫੈਸਲਾ ਲੈਣ ਵਾਲਿਆਂ, ਅਤੇ ਵਿਆਪਕ ਜਨਤਾ ਨੂੰ ਦੱਖਣੀ ਏਸ਼ੀਆਈ ਮੂਲ ਦੇ ਲੋਕਾਂ ਨਾਲ ਇਤਿਹਾਸਕ ਵਿਤਕਰੇ ਬਾਰੇ ਸਿੱਖਿਅਤ ਕਰਨਾ ਹੈ, ਅਤੇ ਸੰਬੰਧਿਤ ਵਿਤਕਰੇ ਵਾਲੇ ਕਾਨੂੰਨਾਂ, ਨਿਯਮਾਂ, ਨੀਤੀਆਂ ਅਤੇ ਅਭਿਆਸਾਂ ਦੇ ਚੱਲ ਰਹੇ ਪ੍ਰਭਾਵ ਅਤੇ ਨੁਕਸਾਨ ਦੀ ਪੜਚੋਲ ਕਰਨਾ ਹੈ।

ਸਿਟੀ ਸਟਾਫ ਵਰਤਮਾਨ ਵਿੱਚ Historical Discrimination against People of South Asian Descent interim report (ਦੱਖਣੀ ਏਸ਼ੀਆਈ ਮੂਲ ਦੇ ਲੋਕਾਂ ਵਿਰੁੱਧ ਇਤਿਹਾਸਕ ਵਿਤਕਰੇ ਦੀ ਅੰਤਰਿਮ ਰਿਪੋਰਟ) ਵਿੱਚ ਸਿਫ਼ਾਰਸ਼ਾਂ ਨੂੰ ਪੂਰਾ ਕਰਨ ਲਈ ਕੰਮ ਕਰ ਰਿਹਾ ਹੈ, ਜਿਸ ਵਿੱਚ ਭਾਈਚਾਰਕ ਭਾਈਵਾਲਾਂ ਨਾਲ ਕੰਮ ਕਰਨਾ, ਚੱਲ ਰਹੀ ਖੋਜ ਕਰਨਾ ਅਤੇ ਕੌਂਸਲ ਨੂੰ ਅੰਤਿਮ ਰਿਪੋਰਟ ਲਈ ਸਿਫ਼ਾਰਿਸ਼ ਕੀਤੀਆਂ ਕਾਰਵਾਈਆਂ ਦੇ ਵਿਕਾਸ ਬਾਰੇ ਸੂਚਿਤ ਕਰਨ ਲਈ ਵਿਆਪਕ ਭਾਈਚਾਰਕ ਸ਼ਮੂਲੀਅਤ ਅਤੇ ਭਵਿੱਖ ਵਿੱਚ ਦੱਖਣੀ ਏਸ਼ੀਆਈ ਭਾਈਚਾਰਿਆਂ ਤੋਂ ਮੁਆਫੀ ਮੰਗਣੀ ਸ਼ਾਮਲ ਹੈ

ਵਧੇਰੇ ਜਾਣੋ:

• ਵੈਨਕੂਵਰ ਸਿਟੀ ਕੌਂਸਲ ਕਾਮਾਗਾਟਾ ਮਾਰੂ ਸੈਕੰਡਰੀ ਸਟ੍ਰੀਟ ਨਾਮਕਰਨ ਰਿਪੋਰਟ ਪੜ੍ਹੋ
• ਕਾਮਾਗਾਟਾਮਾਰੂ ਯਾਦਗਾਰੀ ਦਿਵਸ ਬਾਰੇ ਜਾਣੋ ਅਤੇ ਸਿਟੀ ਘੋਸ਼ਣਾ ਪੱਤਰ ਪੜ੍ਹੋ
• ਦੱਖਣ ਏਸ਼ੀਆਈ ਨਿਵਾਰਣ ਅੰਤਰਿਮ ਰਿਪੋਰਟ ਪੜ੍ਹੋ
· ਦੱਖਣੀ ਏਸ਼ੀਆਈ ਮੂਲ ਦੇ ਲੋਕਾਂ ਦੇ ਖਿਲਾਫ ਇਤਿਹਾਸਕ ਵਿਤਕਰੇ ਨੂੰ ਦੇਖੋ: ਵੈਨਕੂਵਰ ਵਿਚਲੇ ਨਸਲਵਾਦ ਨੂੰ ਸੰਬੋਧਿਤ ਵੀਡੀਓ
• ਖਾਲਸਾ ਦੀਵਾਨ ਸੁਸਾਇਟੀ, 8000 ਰੌਸ ਸਟਰੀਟ, ਵੈਨਕੂਵਰ ਵਿਖੇ ਸਥਿਤ ਕਾਮਾਗਾਟਾ ਮਾਰੂ ਮਿਊਜ਼ੀਅਮ ਦਾ ਦੌਰਾ ਕਰੋ।



ਕਾਮਾਗਾਟਾ ਮਾਰੂ ਚਾਰਟਰਰ ਗੁਰਦਿੱਤ ਸਿੰਘ, ਉਸ ਦਾ ਨੌਜਵਾਨ ਪੁੱਤਰ ਬਲਵੰਤ ਸਿੰਘ ਅਤੇ ਯਾਤਰੀਆਂ ਸਮੇਤ ਦਲਜੀਤ ਸਿੰਘ ਕਾਉਂਣੀ, ਪੂਰਨ ਸਿੰਘ ਜਨੇਤਪੁਰ ਅਤੇ ਬਾਬਾ ਗੁਰਮੁਖ ਸਿੰਘ ਲਲਤੋਂ




SS ਕਾਮਾਗਾਟਾ ਮਾਰੂ ਜੁਲਾਈ 1914


OWNERS REFUSE TO PAY FOR HINDUS' PROVISIONS

Charterers Must Meet All Such Charges, Reads the Agreement.

Refusal of Japanese Owners of Komagata Maru Cabled to Vancouver.

Articles of Charter Quite Specific on This Particular Point.

Mayor Baxter Opposed to City Assuming Portion of the Cost.

ਦ ਪ੍ਰੋਵਿੰਸ ਅਖਬਾਰ 9 ਜੁਲਾਈ, 1914


COUNCIL ASKS FOR EXCLUSION OF HINDUS

Aldermen Unanimously Pass a Resolution to Be Sent to Premier Borden.

ਦ ਪ੍ਰੋਵਿੰਸ ਅਖਬਾਰ 30 ਜੂਨ 1914


VOLUME 3, NUMBER 752

HINDUS DEMAND FOOD TO ALLAY THE PANGS OF THREE DAYS' FAST

Send Pathetic Letter to Mr. Bird Saying They Have Nothing to Eat or Drink—Who Is Responsible for Supplying Ship?—Riot Takes Place on Komagata and Dr. Rugunath Says Life Has Been Threatened.

ਵੈਨਕੂਵਰ ਸਨ ਅਖਬਾਰ 1 ਜੁਲਾਈ, 1914



# FORCE WILL BE USED IF NECESSARY ON HINDU BUCCANEERS

Pirates of Komagata Will Be Subdued by Boarding Party if They Do Not Surrender This Afternoon.

ਵੈਨਕੁਵਰ ਸਨ ਅਖਬਾਰ 6 ਜੁਲਾਈ, 1914



# VANCOUVER CITIZENS UNANIMOUSLY DEMAND EXCLUSION OF HINDUS

Mass Meeting Summoned by Mayor in Dominion Hall Firmly Declares Its Sentiments.

**OVERFLOW MEETING IS HELD IN THE STREET**

ਵੈਨਕੁਵਰ ਸਨ ਅਖਬਾਰ 21 ਜੂਨ, 1914